ਨਿਊਜ਼ ਰਿਲੀਜ਼

# ਪੂਰੀ ਸਪੀਡ ਨਾਲ ਅੱਗੇ ਵਧਣਾ: ਪ੍ਰਮਿਟ ਮਨਜ਼ੂਰੀਆਂ ਨੂੰ ਤੇਜ਼ ਕਰਨਾਂ

28 ਜਨਵਰੀ 2025, ਮੀਡੀਆ ਇੰਨਕੁਆਰੀਆਂ

## ਐਲਬਰਟਾ ਦੀ ਸਰਕਾਰ ਸਾਧਾਰਨ ਪ੍ਰਮਿਟ ਮਨਜ਼ੂਰੀਆਂ ਨੂੰ ਤੇਜ਼ ਕਰਨ ਲਈ ਇਕ ਨਵੀਂ ਪਾਲਿਸੀ ਟੂਲਕਿੱਟ ਸਾਹਮਣੇ ਲਿਆ ਰਹੀ ਹੈ, ਅਤੇ ਇੰਜ ਲਾਲ ਫੀਤਾਸ਼ਾਹੀ ਨੂੰ ਕੱਟਣ ਦੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤੀ ਦੇ ਰਹੀ ਹੈ।

ਪ੍ਰਮਿਟ ਮਨਜ਼ੂਰੀਆਂ ਦੀ ਮੱਠੀ ਚਾਲ ਅਤੇ ਨਿਯਮੀ ਰੁਕਾਵਟਾਂ ਨੇ ਬਿਜ਼ਨਸਾਂ, ਨੌਕਰੀਆਂ ਪੈਦਾ ਕਰਨ ਵਾਲਿਆਂ ਅਤੇ ਆਰਥਿਕ ਵਾਧੇ ਨੂੰ ਲੰਮੇ ਸਮੇਂ ਤੋਂ ਪਿਛਾਂਹ ਖਿੱਚ ਰੱਖਿਆ ਹੈ। ਪ੍ਰਮਿਟਾਂ ਲਈ ਐਲਬਰਟਾ ਦੀ "ਐਟੋਮੈਟਿਕ ਯੈੱਸ ਟੂਲਕਿੱਟ" ਲਾਲ ਫੀਤਾਸ਼ਾਹੀ ਨੂੰ ਘੱਟ ਕਰਨ, ਪ੍ਰਾਜੈਕਟਾਂ ਦੀਆਂ ਟਾਈਮਲਾਈਨਾਂ ਨੂੰ ਤੇਜ਼ ਕਰਨ ਅਤੇ ਬਿਜ਼ਨਸਾਂ ਤੇ ਵਿਅਕਤੀਆਂ ਸਾਰਿਆਂ ਲਈ ਪ੍ਰਫੁਲਤ ਹੋਣ ਦੇ ਵਧੇਰੇ ਮੌਕੇ ਪੈਦਾ ਕਰਨ ਦੁਆਰਾ ਐਲਬਰਟਾ ਵਾਸੀਆਂ ਦੀ ਜ਼ਿੰਦਗੀ ਨੂੰ ਚੰਗੇਰਾ ਬਣਾਉਂਦੀ ਹੈ - ਜਦ ਕਿ ਇਹ ਸਿਹਤ, ਸੁਰੱਖਿਆ ਅਤੇ ਵਾਤਾਵਰਣਿਕ ਰੱਖਿਆ ਨੂੰ ਥਾਂ ਸਿਰ ਬਣਾਈ ਰੱਖਣਾ ਯਕੀਨੀ ਬਣਾਉਂਦੀ ਹੈ। ਉਡੀਕ ਦੇ ਲੰਮੇਂ ਸਮਿਆਂ ਨਾਲ ਨਿਪਟਣ ਅਤੇ ਕਾਰਜ-ਕੁਸ਼ਲਤਾ 'ਚ ਸੁਧਾਰ ਲਿਆਉਣ ਦੁਆਰਾ ਇਹ ਪਹਿਲਕਦਮੀ ਸੂਬੇ ਭਰ 'ਚ ਪ੍ਰਾਜੈਕਟਾਂ 'ਚ ਦੇਰੀ ਨੂੰ ਰੋਕਣ, ਨੌਕਰੀਆਂ ਪੈਦਾ ਕਰਨ ਅਤੇ ਆਰਥਿਕ ਵਾਧੇ ਨੂੰ ਆਪਣਾ ਨਿਸ਼ਾਨਾਂ ਬਣਾਉਂਦੀ ਹੈ।

ਆਟੋਮੈਟਿਕ ਯੈੱਸ ਟੂਲਕਿੱਟ ਸਰਕਾਰ ਨੂੰ ਉਨ੍ਹਾਂ ਪ੍ਰਮਿਟਾਂ ਦੀ ਪਛਾਣ ਕਰਨ ਦੇ ਯੋਗ ਬਣਾਉਂਦੀ ਹੈ ਜਿਹੜੇ ਫੈਸਲਾ ਕਰਨ ਦੇ ਵਧੇਰੇ ਤੇਜ਼ ਅਮਲ ਤੋਂ ਫਾਇਦਾ ਉਠਾ ਸਕਦੇ ਹਨ। ਘੱਟ ਖਤਰੇ ਵਾਲੀਆਂ ਅਤੇ ਰੁਟੀਨ ਕਾਰਵਾਈਆਂ, ਜਿਵੇਂ *ਵਾਟਰ ਐਕਟ* ਅਰਜ਼ੀਆਂ, ਵਾਸਤੇ ਪ੍ਰਮਿਟ ਮਨਜ਼ੂਰੀ ਦੀ ਥਾਂ ਸਪੱਸ਼ਟ ਆਪਰੇਟਿੰਗ ਜ਼ਰੂਰਤਾਂ ਲੈ ਲੈਣਗੀਆਂ, ਜਿਸ ਨਾਲ ਵਧੇਰੇ ਗੁੰਝਲਦਾਰ ਅਰਜ਼ੀਆਂ ਉੱਪਰ ਧਿਆਨ ਲਗਾਉਣ ਲਈ ਸਰੋਤ ਵਿਹਲੇ ਹੋ ਸਕਣਗੇ। ਉਨ੍ਹਾਂ ਪ੍ਰਮਿਟਾਂ ਵਾਸਤੇ, ਜਿੰਨ੍ਹਾਂ ਲਈ ਵਿਸਥਾਰ ਪੂਰਵਕ ਜਾਂਚ-ਪੜਤਾਲ ਦੀ ਲੋੜ ਹੁੰਦੀ ਹੈ, ਟੂਲ ਕਿੱਟ ਸਰਕਾਰ ਦੇ ਫੈਸਲਿਆਂ ਲਈ ਸਮੇਂ ਦੀ ਜ਼ਰੂਰੀ ਹੱਦ ਲਗਾਉਂਦੀ ਹੈ, ਜਿਸ ਨਾਲ ਅਰਜ਼ੀਕਰਤਾ ਨੂੰ ਵਧੇਰੇ ਨਿਸ਼ਚਿਤਤਾ ਮਿਲ ਜਾਂਦੀ ਹੈ।

“ਅਸੀਂ ਜਦੋਂ ਕਿ ਲਾਲ ਫੀਤਾਸ਼ਾਹੀ 33 ਪ੍ਰਤਿਸ਼ਤ ਤੱਕ ਘਟਾਉਣ ਦੀ ਆਪਣੀ ਵਚਨਬਧਤਾ ਪੂਰੀ ਕਰ ਲਈ ਹੈ, ਅਸੀਂ ਆਟੋਮੈਟਿਕ ਯੈੱਸ ਟੂਲਕਿੱਟ ਅਪਣਾਉਣ ਦੁਆਰਾ ਸੁਖਾਲੇ, ਸਿੱਧ-ਪੱਧਰੇ ਅਮਲ ਲਾਗੂ ਕਰਨੇ ਜਾਰੀ ਰੱਖ ਰਹੇ ਹਾਂ। ਬਿਜ਼ਨਸ ਲੀਡਰਾਂ ਅਤੇ

ਐਲਬਰਟਾ ਵਾਸੀਆਂ ਨੇ ਸਾਨੂੰ ਦੱਸਿਆ ਸੀ ਕਿ ਪ੍ਰਮਿਟਾਂ ਬਾਰੇ ਫੈਸਲਿਆਂ ਲਈ ਉਡੀਕ ਦਾ ਸਮਾਂ ਬਹੁਤ ਲੰਮਾ ਲੱਗ ਸਕਦਾ ਹੈ। ਇਸ ਲਈ ਅਸੀਂ ਉਨ੍ਹਾਂ ਸ਼ਿਕਵਿਆਂ ਨਾਲ ਨਿਪਟਣ ਲਈ ਟੂਲਕਿੱਟ ਡਿਜ਼ਾਈਨ ਕੀਤੀ ਹੈ, ਜਦੋਂ ਕਿ ਨਾਲ ਦੀ ਨਾਲ ਅਸੀਂ ਵਾਜਬ ਪ੍ਰਕਾਰ ਦੀ ਸਿਹਤ, ਸੁਰੱਖਿਆ ਅਤੇ ਵਾਤਾਵਰਣਿਕ ਰੱਖਿਆ ਵੀ ਬਣਾਈ ਰੱਖ ਰਹੇ ਹਾਂ।"

*Dale Nally, ਮਿਨਿਸਟਰ, ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ*

ਆਟੋਮੈਟਿਕ ਯੈੱਸ ਟੂਲਕਿੱਟ 'ਚ ਤਿੰਨ ਤਰ੍ਹਾਂ ਦੀਆਂ ਪਹੁੰਚਾਂ ਹਨ - ਕੋਡ ਆਫ ਪ੍ਰੈਕਟਿਸ  (COP), ਪ੍ਰਮਿਟ-ਬਾਇ-ਰੂਲ (PBR) ਅਤੇ ਸ਼ਾਟ ਕਲੌਕ - ਜਿਹੜੀਆਂ ਪ੍ਰਮਿਟ ਫੈਸਲਿਆਂ ਦੀਆਂ ਟਾਈਮਲਾਈਨਾਂ ਨੂੰ ਘਟਾਉਣ 'ਚ ਸਹਾਇਤਾ ਕਰਨ ਲਈ ਵਧੀਕ ਪਾਲਿਸੀ ਟੂਲਾਂ ਵਜੋਂ ਵਰਤੀਆਂ ਜਾ ਸਕਣਗੀਆਂ। ਹਰੇਕ ਪਹੁੰਚ ਨਿਯਮੀ ਖਤਰੇ ਦੀ ਪੱਧਰ ਦੇ ਮੁਤਾਬਿਕ ਬਣਾਈ ਗਈ ਹੈ, ਜੋ ਘੱਟ ਖਤਰੇ ਵਾਲੀਆਂ ਕਾਰਵਾਈਆਂ, ਜਿਹੜੀਆਂ ਵਾਤਾਵਰਣ ਅਤੇ ਪਬਲਿਕ ਸਿਹਤ ਤੇ ਸੁਰੱਖਿਆ ਲਈ ਘੱਟ ਤੋਂ ਘੱਟ ਨੁਕਸਾਨ ਪੈਦਾ ਕਰਦੀਆਂ ਹਨ, ਤੋਂ ਲੈ ਕੇ ਮੱਧ ਖਤਰੇ ਵਾਲੀਆਂ ਕਾਰਵਾਈਆਂ, ਜਿਹੜੀਆਂ ਲਈ ਵਧੇਰੇ ਵਿਸਤ੍ਰਿਤ ਜਾਂਚ-ਪੜਤਾਲ ਅਤੇ ਨਿਗਰਾਨੀ ਦੀ ਜ਼ਰੂਰਤ ਹੋ ਸਕਦੀ ਹੈ, ਤੱਕ ਫੈਲਦੀ ਹੈ।

ਜਦੋਂ ਇਹ ਟੂਲ ਲਾਗੂ ਹੋ ਜਾਂਦੇ ਹਨ, ਤਾਂ ਪ੍ਰਮਿਟ ਵਾਸਤੇ ਅਰਜ਼ੀ ਦੇਣ ਵਾਲੇ ਐਲਬਰਟਾ ਨਿਵਾਸੀ ਉਡੀਕ ਕਰਨ ਦੇ ਘੱਟ ਸਮੇਂ ਅਤੇ ਪ੍ਰਾਜੈਕਟਾਂ 'ਚ ਥੋੜੀਆਂ ਦੇਰੀਆਂ ਲੱਗਣ ਦੀ ਆਸ ਕਰ ਸਕਦੇ ਹਨ। ਇਸ ਨਾਲ ਯਕੀਨੀ ਬਣਦਾ ਹੈ ਕਿ ਸਰਕਾਰ ਦੇ ਸਰੋਤ ਵਧੇਰੇ ਅਸਰਦਾਇਕ ਢੰਗ ਨਾਲ ਅਲਾਟ ਕੀਤੇ ਜਾ ਰਹੇ ਹਨ, ਜਦੋਂ ਕਿ ਪਬਲਿਕ ਸਿਹਤ, ਸੁਰੱਖਿਆ ਅਤੇ ਵਾਤਾਰਵਣ ਦੀ ਰੱਖਿਆ ਕੀਤੀ ਜਾ ਰਹੀ ਹੈ।

"ਆਟੋਮੈਟਿਕ ਯੈੱਸ ਟੂਲਕਿੱਟ ਐਲਬਰਟਾ ਦੇ ਛੋਟੇ ਬਿਜ਼ਨਸਾਂ ਵਾਸਤੇ ਅਗਾਂਹ ਵੱਲ ਨੂੰ ਇਕ ਵੱਡਾ ਕਦਮ ਹੈ। ਪ੍ਰਮਿਟ ਮਨਜ਼ੂਰੀਆਂ 'ਚ ਤੇਜ਼ੀ ਲਿਆਉਣ ਦੁਆਰਾ, ਕਾਰੋਬਾਰੀਆਂ ਕੋਲ ਅਫਸਰਸ਼ਾਹੀ ਦੇ ਰਾਹੀਂ ਲੰਘਣ ਦੀ ਬਜਾਇ ਤਰੱਕੀ ਅਤੇ ਨੌਕਰੀਆਂ ਪੈਦਾ ਕਰਨ 'ਤੇ ਧਿਆਨ ਲਗਾਉਣ ਲਈ ਵਧੇਰੇ ਸਮਾਂ ਹੋਵੇਗਾ। ਇਸ ਤਰ੍ਹਾਂ ਦੀ ਕਾਰਜ-ਕੁਸ਼ਲਤਾ ਸਹੀ ਰੂਪ 'ਚ ਉਹੀ ਹੈ ਜੋ ਬਿਜ਼ਨਸ ਨੂੰ ਪ੍ਰਫੁਲਤ ਹੋਣ ਲਈ ਲੋੜੀਂਦੀ ਹੈ।"
*Dan Kelly, ਪ੍ਰੈਜ਼ੀਡੈਂਟ, ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸਜ਼*

ਆਟੋਮੈਟਿਕ ਯੈੱਸ ਟੂਲਕਿੱਟ ਦੇ ਲਾਗੂ ਹੁੰਦਿਆਂ ਹੋਇਆਂ ਵੀ ਐਲਬਰਟਾ ਸਰਕਾਰ ਜਦੋਂ ਜ਼ਰੂਰੀ ਅਤੇ ਵਾਜਬ ਹੋਵੇ, ਪ੍ਰਮਿਟਾਂ ਨੂੰ ਨਾਂਹ ਕਰਨ ਦੀ ਯੋਗਤਾ ਰੱਖਦੀ ਹੋਵੇਗੀ, ਅਤੇ ਨਾਲ ਦੀ ਨਾਲ ਜਦੋਂ ਵੀ ਕੋਈ ਉਲੰਘਣਾਵਾਂ ਹੁੰਦੀਆਂ ਹਨ, ਵਾਜਬ ਪ੍ਰਕਾਰ ਦੀਆਂ ਜ਼ੋਰ ਨਾਲ ਲਾਗੂ ਕਰਨ ਦੀਆਂ ਕਾਰਵਾਈਆਂ ਵੀ ਕਰ ਸਕਦੀ ਹੋਵੇਗੀ।

# ਫੌਰੀ ਤੱਥ

- ਆਟੋਮੈਟਿਕ ਯੈੱਸ ਟੂਲਕਿੱਟ ਕੇਵਲ ਉਨ੍ਹਾਂ ਪ੍ਰਮਿਟਾਂ 'ਤੇ ਲਾਗੂ ਹੋਵੇਗੀ ਜਿਹੜੇ ਉੱਚ-ਖਤਰੇ ਵਾਲੀਆਂ ਕਾਰਵਾਈਆਂ ਵਜੋਂ ਸ਼੍ਰੇਣੀਗਤ ਹੋਣਗੇ, ਜੇਕਰ ਸਾਰੇ ਭਰੋਸੇ ਪੂਰੇ ਵੀ ਕੀਤੇ ਜਾ ਸਕਦੇ ਹੋਣ।

- ਐਲਬਰਟਾ ਪਹਿਲਾਂ ਹੀ ਕਈ ਕਾਰਵਾਈਆਂ ਵਾਸਤੇ COPs ਅਤੇ PBRs ਦਾ ਫਾਇਦਾ ਉਠਾਉਂਦਾ ਹੈ, ਅਤੇ ਉੱਤਰੀ ਅਮਰੀਕਾ ਭਰ 'ਚ ਕਈ ਖੇਤਰਾਂ ਜਿਵੇਂ ਓਨਟੈਰੀਓ, ਬ੍ਰਿਟਿਸ਼ ਕੁਲੰਬੀਆ ਅਤੇ ਟੈਕਸਸ ਨੇ ਵੀ ਆਪਣੇ ਪ੍ਰਮਿਟ ਮਨਜ਼ੂਰੀਆਂ ਦੇ ਅਮਲਾਂ ਨੂੰ ਸੁਖਾਲਿਆਂ ਕਰਨ ਲਈ ਕੁਝ " ਆਟੋਮੈਟਿਕ ਯੈੱਸ" ਪਹੁੰਚਾਂ ਲਾਗੂ ਕੀਤੀਆਂ ਹਨ। ਐਪਰ, ਆਟੋਮੈਟਿਕ ਯੈੱਸ ਟੂਲਕਿੱਟ ਸ਼ੁਰੂ ਕਰਨ ਨਾਲ ਐਲਬਰਟਾ ਪਾਸ ਹੁਣ ਪ੍ਰਮਿਟ ਮਨਜ਼ੂਰੀਆਂ ਨੂੰ ਸੁਖਾਲਿਆਂ ਅਤੇ ਤੇਜ਼ ਕਰਨ ਲਈ ਇਕ ਵਧੇਰੇ ਵਿਸਤ੍ਰਿਤ ਪਹੁੰਚ ਮੌਜੂਦ ਹੈ।

## ਸਬੰਧਤ ਜਾਣਕਾਰੀ

- ਲਾਲ ਫੀਤਾਸ਼ਾਹੀ ਕੱਟਣਾ
- ਲਾਲ ਫੀਤਸ਼ਾਹੀ ਘੱਟ ਕਰਨ ਨੂੰ ਲਾਗੂ ਕਰਨਾਂ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆਂ ਇੰਨਕੁਆਰੀਆਂ


### Brandon Aboultaif

587-545-1613
ਪ੍ਰੈੱਸ ਸੈਕਰੇਟਰੀ, ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ